ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ
ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਥਾਰਟੀ, ਪੰਜਾਬ,
ਪੰਜਵੀ ਮੰਜਿਲ, ਈ ਬਲਾਕ, ਸਿੱਖਿਆ ਭਵਨ, ਪੀ.ਐਸ.ਈ.ਬੀ. ਕੰਪਲੈਕਸ, ਫੇਜ਼-8, ਐਸ.ਏ.ਐਸ ਨਗਰ
ਫੋਨ ਨੰ:0172-5212364 Website: www.ssapunjab.org

ਵੱਲ,

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.), (ਨੋਟਿਸ ਬੋਰਡ ਰਾਹੀਂ)
ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.), (ਨੋਟਿਸ ਬੋਰਡ ਰਾਹੀਂ)
ਸਮੂਹ ਸਕੂਲ ਮੁੱਖੀ, (ਵੈੱਬਸਾਈਟ ਰਾਹੀਂ)।

ਮੀਮੋ ਨੰ : ਸਸਅ/ਐਮਸੀ/2016/8250
ਮਿਤੀ : 27-5-2016

**ਵਿਸ਼ਾ :- ਸਕੂਲਾਂ ਵਿੱਚ ਗਰਮੀ ਦੀਆਂ ਛੁੱਟੀਆਂ ਦੌਰਾਨ ਵਿਦਿਆਰਥੀਆਂ ਨੂੰ ਘਰ ਦਾ ਕੰਮ ਦੇਣ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਸਕੂਲਾਂ ਵਿੱਚ ਗਰਮੀਆਂ ਦੀਆਂ ਛੁੱਟੀਆਂ ਨੂੰ ਮੱਦੇਨਜ਼ਰ ਰੱਖਦਿਆ ਹੋਇਆ ਸਮੂਹ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਮਈ ਮਹੀਨੇ ਦੇ ਆਖਰੀ ਹਫਤੇ ਵਿੱਚ ਵਿਦਿਆਰਥੀਆਂ ਨੂੰ ਘਰ ਦਾ ਕੰਮ ਦੇਣ ਲਈ ਵਿਸ਼ਾ ਅਧਿਆਪਕਾਂ ਨੂੰ ਹਦਾਇਤ ਕਰਨ।

3.0 ਵਿਸ਼ਾ ਅਧਿਆਪਕ ਇਸ ਗੱਲ ਦਾ ਧਿਆਨ ਰੱਖਦ ਕਿ ਵਿਦਿਆਰਥੀਆਂ ਨੂੰ ਰਚਨਾਤਮਕ ਕੰਮ ਜਿਵੇਂ ਕਿ ਪ੍ਰੋਜੈਕਟ ਤਿਆਰ ਕਰਨਾ, ਇਤਿਹਾਸਕ ਜਾਂ ਧਾਰਮਿਕ ਸਥਾਨ ਜਾਂ ਕੌਮੀ ਮਹੱਤਤਾ ਵਾਲੇ ਸਥਾਨਾਂ ਤੇ ਵਿਜ਼ਿਟ ਰਿਪੋਰਟ ਤਿਆਰ ਕਰਨਾ, ਚਾਰਟ ਬਣਾਉਣਾ, ਡਿਕਸ਼ਨਰੀ ਵਿਚੋਂ ਅੰਗਰੇਜ਼ੀ ਦੇ ਕੁੱਝ ਸ਼ਬਦ ਨੋਟ ਕਰਨੇ ਅਤੇ ਉਸ ਦੇ ਅਰਥ ਯਾਦ ਕਰਨੇ ਆਦਿ ਬਾਰੇ ਛੁੱਟੀਆਂ ਦਾ ਕੰਮ ਦਿੱਤਾ ਜਾ ਸਕਦਾ ਹੈ ਤਾਂ ਜੋ ਲਗਾਤਾਰ ਅਤੇ ਸਮੁੱਚਾ ਮੁਲਾਂਕਣ ਕਰਨ ਵਿੱਚ ਇਸ ਦੀ weightage ਦਰਜ ਕਰਨ ਵਿੱਚ ਸਹਾਇਤਾ ਮਿਲ ਸਕੇ।

4.0 ਛੁੱਟੀਆਂ ਦਾ ਕੰਮ ਅਪ੍ਰੈਲ, ਮਈ ਵਿੱਚ ਕਰਵਾਏ ਗਏ ਸਿਲੇਬਸ ਵਿਚੋਂ ਜੇਕਰ ਕੋਈ ਐਕਟੀਵਿਟੀ ਨਾਲ ਸਬੰਧਤ ਹੈ ਜਾਂ ਕੋਈ ਪ੍ਰੋਜੈਕਟ/ਅਸਾਈਨਮੈਂਟ ਬਣਦੀ ਹੈ ਤਾਂ ਮੈਥ, ਸਾਇੰਸ ਵਿਸ਼ਿਆਂ ਲਈ ਸਾਇੰਸ, ਮੈਥ ਐਕਟੀਵਿਟੀ ਨੋਟ ਬੁੱਕ/ਸਕਰੈਪਬੁੱਕ (ਛੇਵੀਂ ਤੋਂ ਅੱਠਵੀਂ ਜਮਾਤ ਤੱਕ) ਕਰਨ ਲਈ ਦਿੰਤਾ ਜਾਵੇ ਅਤੇ ਦੂਜੇ ਵਿਸ਼ਿਆਂ ਲਈ ਸਬੰਧਤ ਵਿਸ਼ਾ ਅਧਿਆਪਕ ਗਾਈਡ ਕਰ ਸਕਦਾ ਹੈ।

5.0 ਸਾਇੰਸ ਵਿਸ਼ੇ ਦੇ ਸਬੰਧਤ ਚਾਰਟ ਜਾਂ ਕੋਈ ਛੋਟਾ ਜਿਹਾ ਪ੍ਰੋਜੈਕਟ, ਕੋਲੈਕਸ਼ਨ ਆਦਿ ਜਾਂ ਸਾਇੰਸ ਪ੍ਰਤੀ ਕੋਈ ਦਿਲਚਸਪੀ ਖਬਰਾਂ ਜਾ ਸਾਇੰਸ ਦੀਆਂ ਨਵੀਆਂ ਖੋਜਾਂ ਬਾਰੇ ਸੂਚਨਾਂ ਇੱਕਠੀ ਕੀਤੀ ਜਾਵੇ।

6.0 ਰੋਜ਼ਾਨਾ ਅਖ਼ਬਾਰਾ ਦੀਆਂ ਖਬਰਾਂ ਪੜ੍ਹ ਕੇ ਕੋਈ ਇੱਕ ਖਬਰ ਦਾ ਹੈਡਿੰਗ ਵੱਖਰੀ ਕਾਪੀ ਤੇ ਨੋਟ ਕਰਨ ਲਈ ਕਿਹਾ ਜਾ ਸਕਦਾ ਹੈ ਜਾਂ ਸੁੰਦਰ ਲਿਖਾਈ ਲਿੱਖਣ ਵਾਸਤੇ ਵੱਖਰੀ ਕਾਪੀ ਤੇ ਕੰਮ ਵੀ ਦਿੱਤਾ ਜਾ ਸਕਦਾ ਹੈ।

7.0 ਜੇਕਰ ਵਿਦਿਆਰਥੀ ਛੁੱਟੀਆਂ ਵਿੱਚ ਕਿਧਰੇ ਘੁੰਮਣ ਗਿਆ ਹੋਵੇ ਤਾਂ ਉੱਥੋਂ ਦੀ ਭੂਗੋਲਿਕ ਸਥਿਤੀ, ਮਿੱਟੀ ਦੀਆਂ ਕਿਸਮਾਂ, ਉਥੋਂ ਦੇ ਚੱਲ ਰਹੇ ਪ੍ਰਚਲਿਤ ਧੰਦਿਆਂ, ਸਭਿਆਚਾਰ ਆਦਿ ਬਾਰੇ ਤੱਥ ਇੱਕਠੇ ਕਰਕੇ ਉਸ ਨੂੰ ਇਸ ਸਬੰਧੀ ਲਿਖ ਕੇ ਲਿਆਉਣ ਲਈ ਕਿਹਾ ਜਾਵੇ।

8.0 ਵਿਦਿਆਰਥੀਆਂ ਨੂੰ ਲਾਇਬ੍ਰੇਰੀ ਵਿੱਚ ਪੜ੍ਹਨ ਲਈ ਕਿਤਾਬਾਂ ਜਾਰੀ ਕੀਤੀਆਂ ਜਾਣ ਅਤੇ ਪੜ੍ਹੀਆਂ ਕਿਤਾਬਾਂ ਸਬੰਧੀ ਵਿਦਿਆਰਥੀ ਆਪਣੀ ਟਿੱਪਣੀ ਜਰੂਰ ਲਿਖ ਕੇ ਲਿਆਉਣ।

9.0 ਨੈਤਿਕ ਕਦਰਾਂ ਕੀਮਤਾਂ ਸਬੰਧੀ ਕੋਈ ਕਹਾਣੀ, ਕਵਿਤਾ, ਲੇਖ ਘਰੋਂ ਲਿਖ ਕੇ ਲਿਆਉਣ ਲਈ ਵਿਦਿਆਰਥੀਆਂ ਨੂੰ ਕਿਹਾ ਜਾਵੇ।

10.0 ਜਿਸ ਵਿਦਿਆਰਥੀ ਨੇ ਸਭ ਤੋਂ ਜਿਆਦਾ ਕਿਤਾਬਾਂ ਛੁੱਟੀਆਂ ਦੌਰਾਨ ਪੜ੍ਹੀਆਂ ਹੋਣ, ਉਹਨਾਂ ਵਿਦਿਆਰਥੀਆਂ ਦੇ ਨਾਂ, ਅਧਿਆਪਕਾਂ ਦੁਆਰਾ ਸਕੂਲ ਰਿਕਾਰਡ ਵਿੱਚ ਜਰੂਰ ਰੱਖੇ ਜਾਣ ਅਤੇ ਸਵੇਰ ਦੀ ਸਭਾ ਦੌਰਾਨ ਉਹਨਾਂ ਦਾ ਜ਼ਿਕਰ ਕੀਤਾ ਜਾਵੇ।

11.0 ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

ਡਿਪਟੀ ਸਟੇਟ ਪ੍ਰਾਜੈਕਟ ਡਾਇਰੈਕਟਰ
ਪੰਜਾਬ